بِسْمِ اللّٰهِ الرَّحْمٰنِ الرَّحِيْمِ نَحْمَدُهٗ وَنُصَلِّیْ عَلٰی رَسُوْلِهِ الْكَرِيْمِ وَعَلٰی عَبْدِهِ الْمَسِيْحِ الْمَوْعُوْدِ
لَا اِلٰهَ اِلَّا اللّٰهُ مُحَمَّدٌ رَّسُوْلُ اللّٰهِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA
Mob: +919682536974, E-Mail: ansarullah@qadian.in ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਤੌਹੀਦਿ ਇਲਾਹੀ ਦੇ ਸੰਦਰਭ ਵਿੱਚ ਸੀਰਤਿ ਨਬਵੀ ﷺ ਦਾ ਇਮਾਨ ਅਫ਼ਰੋਜ਼ ਤਜ਼ਕਿਰਾ।

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 27 ਮਾਰਚ 2026 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ اَلْحَمْدُ لِلّٰهِ رَبِّ الْعٰلَمِيْنَ ۞ اَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ اِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ غَيْرِ الْمَغْضُوْبِ عَلَيْهِمْ وَلَا الضَّآلِّيْنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਸੀਰਤ ਦੇ ਹਵਾਲੇ ਨਾਲ **ਤੌਹੀਦ** ਦਾ ਜ਼ਿਕਰ ਹੋ ਰਿਹਾ ਸੀ। ਫ਼ਤਿਹ ਮੱਕਾ ਦੇ ਵੇਲੇ ਬੁੱਤਾਂ ਨੂੰ ਢਾਉਣ ਦੀ ਤਫ਼ਸੀਲ ਪਿਛਲੇ ਖ਼ੁਤਬਿਆਂ ਵਿੱਚ ਬਿਆਨ ਹੋ ਚੁੱਕੀ ਹੈ। ਇਹ ਸਭ ਕੁੱਝ ਆਪ ﷺ ਨੇ ਤੌਹੀਦ ਦੇ ਐਲਾਨ ਦੇ ਤੌਰ 'ਤੇ ਕੀਤਾ ਸੀ ਯਾਨੀ ਜਿਨ੍ਹਾਂ ਬੁੱਤਾਂ ਦੀ ਤੁਸੀਂ ਇਬਾਦਤ ਕਰਦੇ ਹੋ ਉਨ੍ਹਾਂ ਦਾ ਤਾਂ ਇਹ ਹਾਲ ਹੈ। ਤਾਇਫ਼ ਵਾਲਿਆਂ ਦੇ ਬੁੱਤ ਲਾਤ ਦੇ ਬਾਰੇ ਇੱਕ ਰਿਵਾਇਤ ਇੰਝ ਮਿਲਦੀ ਹੈ ਕਿ ਤਾਇਫ਼ ਵਾਲਿਆਂ ਨੇ ਇਹ **ਦਰਖ਼ਾਸਤ** ਕੀਤੀ ਸੀ ਕਿ ਲਾਤ ਬੁੱਤ ਨੂੰ ਤਿੰਨ ਸਾਲ ਤੱਕ ਨਾ ਤੋੜਿਆ ਜਾਵੇ। ਆਪ ﷺ ਦੀ ਤੌਹੀਦ ਦੀ ਗ਼ੈਰਤ ਨੇ ਇਹ ਸਮਝੌਤਾ ਕ਼ਬੂਲ ਨਾ ਕੀਤਾ। ਤਾਇਫ਼ ਵਾਲਿਆਂ ਨੇ ਇੱਕ ਸਾਲ ਅਤੇ ਫਿਰ ਇੱਕ ਮਹੀਨੇ ਤੱਕ ਉਸ ਬੁੱਤ ਨੂੰ ਨਾ ਢਾਹੇ ਜਾਣ ਦੀ ਸਿਫ਼ਾਰਿਸ਼ ਕੀਤੀ ਪਰ ਆਪ ﷺ ਨੇ ਉਸ ਦਰਖ਼ਾਸਤ ਨੂੰ ਵੀ ਕ਼ਬੂਲ ਨਾ ਕੀਤਾ ਅਤੇ ਉਸ ਬੁੱਤ ਨੂੰ ਢਵਾ ਦਿੱਤਾ।

ਹਜ਼ੂਰ ਅਨਵਰ ਨੇ ਫ਼ਰਮਾਇਆ: ਆਪ ﷺ ਨੇ ਨਾ ਸਿਰਫ਼ ਮੱਕੇ ਦੇ ਮੁਸ਼ਰਿਕਾਂ ਦਾ ਮੁਕ਼ਾਬਲਾ ਕਰਕੇ **ਕਅਬਾ** ਨੂੰ ਬੁੱਤਾਂ ਤੋਂ ਪਾਕ ਕੀਤਾ ਬਲਕਿ ਮੁਸਲਮਾਨਾਂ ਦੇ ਦਿਲਾਂ ਵਿੱਚ ਵੀ ਤੌਹੀਦ ਮਜ਼ਬੂਤੀ ਨਾਲ ਕ਼ਾਇਮ ਕੀਤੀ। ਆਪ ﷺ ਨੇ ਸਹਾਬਾ ਦੀ ਅਜਿਹੀ ਉਮਦਾ ਤਰਬਿੱਯਤ ਫ਼ਰਮਾਈ ਕਿ ਉਨ੍ਹਾਂ ਦੇ ਦਿਲਾਂ ਵਿੱਚ ਸ਼ਿਰਕ ਦਾ ਕੋਈ ਖ਼ਿਆਲ ਵੀ ਪੈਦਾ ਨਾ ਹੋ ਸਕੇ।

ਹਜ਼ਰਤ ਇਬਨਿ ਅੱਬਾਸ ਰਜ਼ਿ ਅੱਲਾਹੁ ਅਨਹੁ ਤੋਂ ਰਿਵਾਇਤ ਹੈ ਕਿ ਉਨ੍ਹਾਂ ਨੇ ਹਜ਼ਰਤ ਉਮਰ ਰਜ਼ਿ ਅੱਲਾਹੁ ਅਨਹੁ ਨੂੰ ਮਿੰਬਰ (ਸਟੇਜ) 'ਤੇ ਇਹ ਕਹਿੰਦੇ ਹੋਏ ਸੁਣਿਆ ਕਿ ਮੈਂ ਨਬੀ ਕਰੀਮ ﷺ ਨੂੰ ਫ਼ਰਮਾਉਂਦੇ ਹੋਏ ਸੁਣਿਆ ਕਿ ਮੇਰੀ ਤਾਰੀਫ਼ ਵਧਾ ਚੜ੍ਹਾ ਕੇ ਨਾ ਕਰੋ ਜਿਵੇਂ ਕਿ ਇਸਾਈਆਂ ਨੇ ਮਸੀਹ عليه السلام ਦੀ ਤਾਰੀਫ਼ ਵਧਾ ਚੜ੍ਹਾ ਕੇ ਕੀਤੀ ਸੀ। ਮੈਂ ਤਾਂ ਸਿਰਫ਼ ਖ਼ੁਦਾ ਦਾ ਬੰਦਾ ਹਾਂ। ਬਸ ਤੁਸੀਂ ਕਹੋ ਕਿ ਖ਼ੁਦਾ ਦਾ **ਬੰਦਾ** ਅਤੇ ਉਸਦਾ **ਰਸੂਲ**। ਇੱਕ ਮੌਕ਼ੇ ਤੇ ਆਪ ﷺ ਨੇ ਫ਼ਰਮਾਇਆ ਕਿ ਅੱਲਾਹ ਤੁਹਾਨੂੰ ਮਨ੍ਹਾ ਫ਼ਰਮਾਉਂਦਾ ਹੈ ਕਿ ਤੁਸੀਂ ਆਪਣੇ ਬਾਪ ਦਾਦਿਆਂ ਦੀਆਂ ਕ਼ਸਮਾਂ ਖਾਓ, ਜਿਸ ਨੇ ਵੀ ਕ਼ਸਮ ਖਾਣੀ ਹੋਵੇ ਤਾਂ ਉਹ ਅੱਲਾਹ ਦੀ ਕ਼ਸਮ ਖਾਵੇ ਜਾਂ ਖ਼ਾਮੋਸ਼ ਰਹੇ। ਆਪ ﷺ ਨੂੰ ਇਹ ਬਰਦਾਸ਼ਤ ਨਹੀਂ ਸੀ ਕਿ ਖ਼ੁਦਾ ਦੀ ਤੌਹੀਦ ਦੇ ਸਾਹਮਣੇ ਕਿਸੇ ਵੀ ਚੀਜ਼ ਨੂੰ ਹਲਕਾ ਜਿਹਾ ਵੀ ਰੱਖਿਆ ਜਾਵੇ।

ਇਕ ਸਹਾਬੀ ਨੇ ਆਪ ﷺ ਕੋਲੋਂ ਪੁੱਛਿਆ ਕਿ ਜੇਕਰ ਜੰਗ ਵਿੱਚ ਦੁਸ਼ਮਣ ਮੇਰਾ ਹੱਥ ਵੱਢ ਦੇਵੇ ਅਤੇ ਫਿਰ ਫ਼ੌਰਨ ਕਲਮਾ ਪੜ੍ਹ ਕੇ ਇਸਲਾਮ ਕ਼ਬੂਲ ਕਰਨ ਦਾ ਐਲਾਨ ਕਰੇ ਤਾਂ ਕੀ ਮੈਂ ਉਸਨੂੰ ਕ਼ਤਲ ਕਰ ਸਕਦਾ ਹਾਂ? ਆਪ ﷺ ਨੇ ਫ਼ਰਮਾਇਆ ਨਹੀਂ, ਉਸ ਨੂੰ **ਕ਼ਤਲ** ਨਾ ਕਰੋ। ਆਪ ﷺ ਨੇ ਹੋਰ ਸਪਸ਼ਟ ਕੀਤਾ ਕਿ ਜੇਕਰ ਤੂੰ ਉਸ ਨੂੰ ਉਸ ਦੇ ਕਲਮਾ

ਪੜ੍ਹਨ ਦੇ ਬਾਅਦ ਕ਼ਤਲ ਕਰੇਂਗਾ ਤਾਂ ਉਹ ਕਲਮੇ ਦੀ ਵਜ੍ਹਾ ਨਾਲ਼ ਤੇਰੇ ਤੋਂ **ਬਿਹਤਰ** ਹਾਲਤ ਵਿੱਚ ਹੋ ਜਾਵੇਗਾ ਅਤੇ ਤੂੰ ਉਸ ਤੋਂ **ਬਦਤਰ** ਹਾਲਤ ਵਿੱਚ ਚਲਿਆ ਜਾਵੇਂਗਾ।

ਹਜ਼ੂਰ ਅਨਵਰ ਨੇ ਫ਼ਰਮਾਇਆ: ਬਸ ਜਿੰਨੇ ਪੁਰਾਣੇ ਸਹਾਬਾ ਸਨ ਉਨ੍ਹਾਂ ਨੇ ਵੀ ਜੇਕਰ ਕੋਈ ਅਜਿਹੀ ਹਰਕਤ ਕੀਤੀ ਤਾਂ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਸ ਨੂੰ ਸਖ਼ਤ ਬੁਰਾ ਮਨਾਇਆ। ਪਰ ਅੱਜ ਕੱਲ ਦੇ ਉਲਮਾ ਦਾ ਹਾਲ ਦੇਖੋ, ਪਾਕਿਸਤਾਨ ਵਿੱਚ ਅਹਿਮਦੀਆਂ ਨੂੰ ਕਲਮਾ ਪੜ੍ਹਨ ਦੇ ਬਾਵਜੂਦ ਜਿਸ ਜ਼ੁਲਮ ਦਾ ਨਿਸ਼ਾਨਾ ਬਣਾਇਆ ਜਾਂਦਾ ਹੈ, ਉਸ ਦੀ ਇੰਤਿਹਾ ਕੋਈ ਨਹੀਂ। ਇਨ੍ਹਾਂ ਜ਼ੁਲਮ ਕਰਨ ਵਾਲਿਆਂ ਦਾ ਫ਼ੈਸਲਾ ਇਸ ਰਿਵਾਇਤ ਵਿੱਚ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾ ਦਿੱਤਾ ਹੈ। ਬ-ਹਰ ਹਾਲ ਇਸ ਮੁਲਕ ਦੇ ਸ਼ਿੱਦਤ ਪਸੰਦ ਮੌਲਵੀਆਂ ਦੇ ਪਿੱਛੇ ਚੱਲਣ ਵਾਲ਼ੇ ਲੋਕਾਂ ਨੂੰ ਗ਼ੌਰ ਕਰਨਾ ਚਾਹੀਦਾ ਹੈ।

ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਮੈਨੂੰ ਤੁਹਾਡੇ ਸਾਰਿਆਂ ਦੇ ਬਾਰੇ ਜਿਸ ਚੀਜ਼ ਦਾ ਖ਼ੌਫ਼ ਹੈ ਉਹ **ਛੋਟਾ ਸ਼ਿਰਕ** (ਸ਼ਿਰਕਿ ਅਸਗ਼ਰ) ਹੈ ਯਾਨੀ **ਦਿਖਾਵਾ**। ਕ਼ਯਾਮਤ ਦੇ ਦਿਨ ਜਦ ਲੋਕਾਂ ਨੂੰ ਉਨ੍ਹਾਂ ਦੇ ਅਮਲਾਂ ਦਾ ਬਦਲਾ ਦਿੱਤਾ ਜਾਏਗਾ ਤਾਂ ਅੱਲਾਹ ਤਆਲਾ ਉਨ੍ਹਾਂ ਦਿਖਾਵਾ ਕਰਨ ਵਾਲਿਆਂ ਨੂੰ ਫ਼ਰਮਾਵੇਗਾ ਕਿ ਉਨ੍ਹਾਂ ਦੇ ਕੋਲ਼ ਜਾਓ ਜਿਨ੍ਹਾਂ ਲੋਕਾਂ ਦੇ ਲਈ ਤੁਸੀਂ ਦੁਨੀਆ ਵਿੱਚ ਦਿਖਾਵਾ ਕਰਦੇ ਸੀ। ਉਨ੍ਹਾਂ ਦੇ ਕੋਲ਼ ਜਾਓ ਅਤੇ ਦੇਖੋ ਕੀ ਤੁਹਾਨੂੰ ਉਨ੍ਹਾਂ ਦੇ ਕੋਲ਼ ਕੋਈ ਬਦਲਾ ਮਿਲ਼ਦਾ ਹੈ। ਆਪ ﷺ ਨੇ ਫ਼ਰਮਾਇਆ ਕਿ ਅੱਲਾਹ ਤਆਲਾ ਬਿਆਨ ਫ਼ਰਮਾਉਂਦਾ ਹੈ ਕਿ ਇਬਨਿ ਆਦਮ ਮੈਨੂੰ **ਝੁਠਲਾਉਂਦਾ** ਹੈ ਅਤੇ ਮੇਰੀ ਸ਼ਾਨ ਵਿੱਚ **ਗੁਸਤਾਖ਼ੀ** ਕਰਦਾ ਹੈ ਹਾਲਾਂਕਿ ਇਹ ਉਸ ਉਸ ਨੂੰ **ਸੋਭਾ** ਨਹੀਂ ਦਿੰਦਾ। ਉਸ ਦਾ ਝੁਠਲਾਉਣਾ ਇਹ ਹੈ ਕਿ ਉਹ ਦੁਬਾਰਾ ਪੈਦਾ ਕੀਤੇ ਜਾਣ ਦਾ ਇਨਕਾਰ ਕਰਦਾ ਹੈ ਜਦਕਿ ਜਿਸ ਤਰ੍ਹਾਂ ਅੱਲਾਹ ਤਆਲਾ ਨੇ ਉਸ ਨੂੰ ਪਹਿਲੀ ਵਾਰ ਪੈਦਾ ਕੀਤਾ, ਇਸੇ ਤਰ੍ਹਾਂ ਦੁਬਾਰਾ ਪੈਦਾ ਕਰਨਾ ਵੀ ਉਸ ਦੇ ਲਈ ਆਸਾਨ ਹੈ। ਉਸ ਦੀ ਗੁਸਤਾਖ਼ੀ ਇਹ ਹੈ ਕਿ ਉਹ ਅੱਲਾਹ ਤਆਲਾ ਦੇ ਲਈ ਬੇਟੇ ਦੀ ਧਾਰਨਾ ਰੱਖਦਾ ਹੈ ਹਾਲਾਂਕਿ ਅੱਲਾਹ ਤਆਲਾ ਹਰ ਤਰ੍ਹਾਂ ਦੀ ਜ਼ਰੂਰਤ ਤੋਂ ਪਾਕ ਬੇ-ਨਿਆਜ਼ ਅਤੇ ਯਕਤਾ ਹੈ।

ਸੂਰਃ ਇਖ਼ਲਾਸ ਦੀ ਵਿਆਖਿਆ ਕਰਦੇ ਹੋਏ ਹਜ਼ਰਤ ਅਕ਼ਦਸ ਮਸੀਹ ਮੌਊਦ ਅਲੈਹਿੱਸ੍ ਸਲਾਮ ਇੱਕ ਜਗ੍ਹਾ ਫ਼ਰਮਾਉਂਦੇ ਹਨ ਕਿ ਅੱਲਾਹ ਤਆਲਾ ਫ਼ਰਮਾਉਂਦਾ ਹੈ ਕਿ ਅੱਲਾਹ ਉਹ ਹਸਤੀ ਹੈ ਜਿਸਦੇ ਸਭ **ਮੁਹਤਾਜ** ਹਨ ਅਤੇ ਉਹ ਕਿਸੇ ਦਾ ਮੁਹਤਾਜ ਨਹੀਂ। ਇਸ ਛੋਟੀ ਜਿਹੀ ਇਬਾਰਤ ਨੂੰ ਜਿਹੜੀ ਇੱਕ ਸਤਰ ਵੀ ਨਹੀਂ, ਦੇਖਣਾ ਚਾਹੀਦਾ ਹੈ ਕਿ ਕਿਸ **ਸੂਖਮਤਾ** ਅਤੇ **ਉਮਦਗੀ** ਦੇ ਨਾਲ਼ ਹਰ ਇੱਕ ਕ਼ਿਸਮ ਦੇ ਸ਼ਿਰਕ ਤੋਂ ਅੱਲਾਹ ਤਆਲਾ ਦੇ ਵਜੂਦ ਦਾ ਪਾਕ ਹੋਣਾ ਬਿਆਨ ਫ਼ਰਮਾਇਆ ਹੈ।

ਹਜ਼ੂਰ ਅਨਵਰ ਨੇ ਫ਼ਰਮਾਇਆ: ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਸੂਰਃ ਇਖ਼ਲਾਸ ਨੂੰ ਕ਼ੁਰਆਨ ਕਰੀਮ ਦਾ ਤੀਜਾ ਹਿੱਸਾ ਕ਼ਰਾਰ ਦਿੱਤਾ ਹੈ। ਹਜ਼ਰਤ ਮੁਸ੍ਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਇਸ ਹਵਾਲੇ ਨਾਲ਼ ਫ਼ਰਮਾਉਂਦੇ ਹਨ ਕਿ ਇਸ ਤੋਂ ਮੁਰਾਦ ਇਹ ਹੈ ਕਿ ਇਸ, ਯਾਨੀ ਸੂਰਃ ਇਖ਼ਲਾਸ, ਦਾ ਵਿਸ਼ਾ ਖ਼ਾਸ ਅਹਿਮੀਅਤ ਰੱਖਦਾ ਹੈ। ਕ਼ੁਰਆਨ ਕਰੀਮ ਅਤੇ ਅਹਾਦੀਸ ਦੇ ਪੜ੍ਹਨ ਨਾਲ਼ ਪਤਾ ਲੱਗਦਾ ਹੈ ਕਿ ਆਖ਼ਰੀ ਦੌਰ ਵਿੱਚ ਦੋ ਵੱਡੇ ਫ਼ਿਤਨੇ ਪੈਦਾ ਹੋਣੇ ਸਨ। ਇਕ **ਦੱਜਾਲੀ** ਫ਼ਿਤਨਾ ਅਤੇ ਦੂਸਰਾ **ਯਾਜੂਜ ਮਾਜੂਦ**। ਇਨ੍ਹਾਂ ਦੋਹਾਂ ਫ਼ਿਤਨਿਆਂ ਨੇ ਇੱਕ ਦੇ ਬਾਅਦ ਇੱਕ ਇਸਲਾਮ ਨਾਲ਼ ਟੱਕਰ ਲੈਣੀ ਸੀ। ਇੱਕ ਫ਼ਿਤਨਾ ਖ਼ੁਦਾਇ ਵਾਹਿਦ ਦੀ ਬਜਾਏ ਤਿੰਨ ਖ਼ੁਦਾਵਾਂ ਦੀ ਧਾਰਨਾ ਲਏ ਹੋਏ ਹੈ ਯਾਨੀ ਖ਼ੁਦਾ **ਬਾਪ**, ਖ਼ੁਦਾ **ਬੇਟਾ** ਅਤੇ ਖ਼ੁਦਾ **ਰੂਹੁਲ੍ ਕ਼ੁੱਦੂਸ੍**। ਦੂਸਰਾ ਫ਼ਿਤਨਾ ਦਹਰਿੱਯਤ (ਨਾਸਤਿਕਤਾ) ਦਾ ਹੈ ਯਾਨੀ ਉਹ ਸਿਰੇ ਤੋਂ ਹੀ ਖ਼ੁਦਾ ਦਾ ਇਨਕਾਰੀ ਹੈ। ਕ਼ੁਰਆਨ ਕਰੀਮ ਨੇ ਇਨ੍ਹਾਂ ਦੋਹਾਂ ਫ਼ਿਤਨਿਆਂ ਦੀਆਂ ਧਾਰਨਾਵਾਂ ਦਾ ਰੱਦ ਕੀਤਾ ਹੈ। ਕ਼ੁਰਆਨ ਕਰੀਮ ਨੇ ਸਿਰਫ਼ ਖ਼ੁਦਾ ਬਾਪ ਯਾਨੀ ਖ਼ੁਦਾਇ ਵਾਹਿਦ ਦੀ ਖ਼ੁਦਾਈ ਨੂੰ ਕ਼ਾਇਮ ਕੀਤਾ ਹੈ ਅਤੇ ਖ਼ੁਦਾ ਬੇਟੇ ਅਤੇ ਖ਼ੁਦਾ ਰੂਹੁਲ੍ ਕ਼ੁੱਦੂਸ੍ ਨੂੰ ਸਖ਼ਤੀ ਨਾਲ਼ ਨਕਾਰਿਆ ਅਤੇ ਰੱਦ ਕੀਤਾ ਹੈ। ਭਾਵ ਕ਼ੁਰਆਨ ਕਰੀਮ ਨੇ ਤਿੰਨ ਖ਼ੁਦਾਵਾਂ ਵਿੱਚੋਂ ਸਿਰਫ਼ ਇੱਕ ਖ਼ੁਦਾ ਯਾਨੀ ਖ਼ੁਦਾਇ ਵਾਹਿਦ ਅਤੇ ਯਗਾਨਾ ਦੀ ਹਕ਼ੀਕ਼ੀ ਖ਼ੁਦਾਈ ਦਾ ਕ਼ਿਆਮ ਫ਼ਰਮਾਇਆ ਹੈ। ਇਹ ਸਾਫ਼ ਗੱਲ ਹੈ ਕਿ ਕਿਉਂਕਿ ਖ਼ੁਦਾ ਬਾਪ ਦਾ ਸਮਰਥਨ ਕ਼ੁਰਆਨ ਕਰੀਮ ਦਾ ਤੀਸਰਾ ਹਿੱਸਾ ਹੈ ਇਸ ਲਈ ਇਹ ਸੂਰਃ ਇਖ਼ਲਾਸ ਕ਼ੁਰਆਨ ਕਰੀਮ ਦਾ ਤੀਸਰਾ ਹਿੱਸਾ ਬਣਦੀ ਹੈ। ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਫ਼ਰਮਾਉਂਦੇ

ਹਨ ਕਿ ਯਕੀਨੀ ਤੌਹੀਦ ਸਿਰਫ਼ ਨਬੀ ਦੇ ਜ਼ਰੀਏ ਨਾਲ ਹੀ ਮਿਲ ਸਕਦੀ ਹੈ ਜਿਵੇਂ ਕਿ ਸਾਡੇ ਨਬੀ ﷺ ਨੇ ਅਰਬ ਦੇ ਬੇ-ਦੀਨ ਅਤੇ ਬਦ ਮਜ਼੍ਹਬਾਂ ਨੂੰ ਹਜ਼ਾਰਾਂ ਆਸਮਾਨੀ ਨਿਸ਼ਾਨ ਦਿਖਾ ਕੇ ਖ਼ੁਦਾ ਤਆਲਾ ਦੇ ਵਜੂਦ ਦਾ ਕ਼ਾਇਲ ਕਰ ਲਿਆ ਸੀ।

ਅੱਜ ਇਸ ਜ਼ਮਾਨੇ ਵਿੱਚ **ਯਾਜੂਜ ਮਾਜੂਦ** ਅਤੇ **ਦੱਜਾਲ** ਤਾਂ ਇੱਕ ਪਾਸੇ, ਖ਼ੁਦ ਮੁਸਲਮਾਨਾਂ ਦੇ ਅੰਦਰ ਵੀ ਅਸਲ ਹਕ਼ੀਕ਼ੀ ਤੌਹੀਦ ਦੀ ਸਮਝ ਨਹੀਂ ਰਹੀ। ਇਸ ਜ਼ਮਾਨੇ ਵਿੱਚ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਗ਼ੁਲਾਮਿ ਸਾਦਿਕ਼ ਮਸੀਹ ਮੌਊਦ ਅਤੇ ਮਹਦੀ ਮੌਊਦ عليه السلام ਨੇ ਆਉਣਾ ਸੀ ਅਤੇ ਉਹ ਆਇਆ ਅਤੇ ਉਸ ਨੇ ਤੌਹੀਦ ਦੇ ਖ਼ਿਲਾਫ਼ ਹਰ ਹਮਲੇ ਦਾ ਮੁਕ਼ਾਬਲਾ ਕੀਤਾ। ਬਸ ਹਕ਼ੀਕ਼ੀ **ਬੈਅਤ** ਦਾ ਹੱਕ਼ ਅਸੀਂ ਤਦ ਹੀ ਅਦਾ ਕਰ ਸਕਦੇ ਹਾਂ ਜਦ ਅਸੀਂ ਹਕ਼ੀਕ਼ੀ ਤੌਹੀਦ ਨੂੰ ਮੰਨਣ ਵਾਲੇ ਹੋਵਾਂਗੇ।

ਤੌਹੀਦ ਦੇ ਉੱਚੇ ਮੁਕ਼ਾਮ ਬਾਰੇ ਇੱਕ ਵਾਰ ਆਪ ﷺ ਨੇ ਫ਼ਰਮਾਇਆ ਕਿ ਹਜ਼ਰਤ ਮੂਸਾ عليه السلام ਨੇ ਖ਼ੁਦਾ ਕੋਲ ਅਰਜ਼ ਕੀਤਾ ਕਿ ਐ ਖ਼ੁਦਾ! ਮੈਨੂੰ ਕੋਈ ਅਜਿਹੀ ਚੀਜ਼ ਸਿਖਾ ਦੇ ਜਿਸ ਨਾਲ ਮੈਂ ਤੇਰਾ **ਜ਼ਿਕਰ** ਵੀ ਕਰਾਂ ਅਤੇ ਤੇਰੇ ਤੋਂ **ਦੁਆ** ਵੀ ਕਰਾਂ। ਖ਼ੁਦਾ ਨੇ ਕਿਹਾ ਕਿ ਐ ਮੂਸਾ! ਕਹਿ ਲਾ ਇਲਾਹਾ ਇੱਲੱਲਾਹੁ (لَآ اِلٰهَ اِلَّا اللّٰهُ)। ਹਜ਼ਰਤ ਮੂਸਾ عليه السلام ਨੇ ਕਿਹਾ ਕਿ ਐ ਖ਼ੁਦਾ! ਤੇਰੇ ਸਭ ਬੰਦੇ ਇਹੀ ਕਹਿੰਦੇ ਹਨ। ਖ਼ੁਦਾ ਨੇ ਇਹੀ ਕਲਮਾ ਕਹਿਣ ਦਾ ਦੁਬਾਰਾ ਇਰਸ਼ਾਦ ਫ਼ਰਮਾਇਆ। ਹਜ਼ਰਤ ਮੂਸਾ عليه السلام ਦੀ ਜ਼ਿੱਦ 'ਤੇ ਅੱਲਾਹ ਤਆਲਾ ਨੇ ਫ਼ਰਮਾਇਆ ਕਿ ਐ ਮੂਸਾ! ਜੇਕਰ ਮੇਰੇ ਸਿਵਾ ਦੁਨੀਆ ਦੀਆਂ ਸਭ ਚੀਜ਼ਾਂ ਇੱਕ ਪੱਲੇ ਵਿੱਚ ਰੱਖ ਦਿੱਤੀਆਂ ਜਾਣ ਅਤੇ ਸੱਤੇ ਜ਼ਮੀਨਾਂ ਉਸੇ ਪੱਲੇ ਵਿੱਚ ਰੱਖ ਦਿੱਤੀਆਂ ਜਾਣ ਅਤੇ ਦੂਜੇ ਪੱਲੇ ਵਿੱਚ ਲਾ ਇਲਾਹਾ ਇੱਲੱਲਾਹੁ (لَآ اِلٰهَ اِلَّا اللّٰهُ) ਨੂੰ ਰੱਖਿਆ ਜਾਵੇ ਤਾਂ ਲਾ ਇਲਾਹਾ ਇੱਲੱਲਾਹੁ (لَآ اِلٰهَ اِلَّا اللّٰهُ) ਸਭ ਚੀਜ਼ਾਂ ਤੋਂ ਭਾਰਾ ਹੋ ਜਾਵੇਗਾ।

ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਇੱਕ ਜਗ੍ਹਾ ਫ਼ਰਮਾਉਂਦੇ ਹਨ ਕਿ ਹਜ਼ਰਤ ਮੁਕ਼ੱਦਸ ਨਬੀ ﷺ ਦੀ ਸਿੱਖਿਆ ਇਹ ਹੈ ਕਿ ਕਲਮਾ ਲਾ ਇਲਾਹਾ ਇੱਲੱਲਾਹੁ ਮੁਹੰਮਦੁੱਰ੍ ਰਸੂਲੁੱਲਾਹ (لَآ اِلٰهَ اِلَّا اللّٰهُ مُحَمَّدٌ رَّسُولُ اللّٰهِ) ਕਹਿਣ ਨਾਲ **ਗੁਨਾਹ** ਦੂਰ ਹੋ ਜਾਂਦੇ ਹਨ। ਇਹ ਬਿਲਕੁਲ ਸੱਚ ਹੈ ਅਤੇ ਇਹੀ ਵਾਕ਼ਈ ਹਕ਼ੀਕ਼ਤ ਹੈ ਕਿ ਜਿਹੜਾ ਸਿਰਫ਼ ਖ਼ੁਦਾ ਨੂੰ ਵਾਹਿਦ ਲਾ-ਸ਼ਰੀਕ ਜਾਣਦਾ ਹੈ ਅਤੇ ਇਮਾਨ ਲਿਆਉਂਦਾ ਹੈ ਕਿ ਹਜ਼ਰਤ ਮੁਹੰਮਦ ਮੁਸਤਫ਼ਾ ﷺ ਨੂੰ ਉਸੇ ਕ਼ਾਦਿਰ ਅਤੇ ਯਕਤਾ ਨੇ ਭੇਜਿਆ ਹੈ ਤਾਂ ਬੇਸ਼ੱਕ ਜੇਕਰ ਇਸੇ ਕਲਮੇ 'ਤੇ ਉਸ ਦਾ ਖ਼ਾਤਮਾ ਹੋਵੇ ਤਾਂ ਉਹ **ਮੁਕਤੀ** ਪਾ ਜਾਵੇਗਾ।

ਇੱਕ ਮੌਕੇ 'ਤੇ ਆਪ ﷺ ਨੇ ਫ਼ਰਮਾਇਆ: ਜਿਸ ਨੇ ਕਿਹਾ ਕਿ ਮੈਂ ਗਵਾਹੀ ਦਿੰਦਾ ਹਾਂ ਕਿ ਅੱਲਾਹ ਦੇ ਸਿਵਾ ਕੋਈ ਇਬਾਦਤ ਦੇ ਲਾਇਕ਼ ਨਹੀਂ, ਉਹ ਇੱਕ ਹੈ ਅਤੇ ਉਸਦਾ ਕੋਈ ਸ਼ਰੀਕ ਨਹੀਂ ਅਤੇ ਮੁਹੰਮਦ ﷺ ਉਸ ਦੇ ਬੰਦੇ ਅਤੇ ਉਸ ਦੇ ਰਸੂਲ ਹਨ ਅਤੇ ਇਹ ਕਿ ਈਸਾ عليه السلام ਉਸ ਦਾ ਬੰਦਾ ਅਤੇ ਉਸ ਦੀ ਬੰਦੀ ਦਾ ਬੇਟਾ ਹੈ ਅਤੇ ਉਸ ਦਾ ਕਲਮਾ ਹੈ ਜਿਹੜਾ ਉਸਨੇ ਮਰੀਅਮ ਵੱਲ ਉਤਾਰਿਆ ਅਤੇ ਉਸ ਦੇ ਵੱਲੋਂ ਇੱਕ ਰੂਹ ਹੈ ਅਤੇ ਇਹ ਕਿ **ਜੰਨਤ** ਹੱਕ਼ ਹੈ ਤੇ **ਜਹੰਨਮ** ਹੱਕ਼ ਹੈ, ਅੱਲਾਹ ਤਆਲਾ ਉਸਨੂੰ ਜੰਨਤ ਦੇ ਅੱਠ ਦਰਵਾਜ਼ਿਆਂ ਵਿੱਚੋਂ ਜਿਸ 'ਚੋਂ ਚਾਹੇਗਾ ਦਾਖ਼ਿਲ ਕਰੇਗਾ।

ਹਜ਼ੂਰ ਅਨਵਰ ਨੇ ਫ਼ਰਮਾਇਆ: ਆਪ ﷺ ਨੇ ਹਰ ਮੌਕੇ 'ਤੇ ਤੌਹੀਦ ਨੂੰ ਬਿਆਨ ਕੀਤਾ ਅਤੇ ਉੱਮਤ ਦੇ ਦਿਲਾਂ ਵਿੱਚ ਬਿਠਾਉਣ ਦੀ ਕੋਸ਼ਿਸ਼ ਕੀਤੀ। ਹਜ਼ਰਤ ਮੁਸ੍ਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਦੇ ਮੁਤਾਬਿਕ਼ ਆਪ ﷺ ਨੂੰ ਅੱਲਾਹ ਦੀ ਅਜ਼ਮਤ (ਵਡਿਆਈ) ਬਿਆਨ ਕਰਨ ਦਾ ਇੰਨਾ ਸ਼ੌਕ਼ ਸੀ ਕਿ ਵਿਰੋਧੀ ਵੀ ਇਸ ਦਾ ਇਕ਼ਰਾਰ ਕਰਦੇ ਸਨ। ਇੱਕ ਫਰਾਂਸੀਸੀ ਇਤਿਹਾਸਕਾਰ ਨੇ ਵੀ ਲਿਖਿਆ ਹੈ ਕਿ ਐਲਾਨਿ ਨਬੁੱਵਤ ਤੋਂ ਲੈ ਕੇ ਵਫ਼ਾਤ ਤੱਕ ਆਪ ﷺ ਦੀ ਜ਼ੁਬਾਨ 'ਤੇ ਹਮੇਸ਼ਾ ਅੱਲਾਹ ਦਾ ਜ਼ਿਕਰ ਰਿਹਾ, ਗੋਇਆ ਆਪ ﷺ ਦਾ ਮਕ਼ਸਦ ਸਿਰਫ਼ ਅੱਲਾਹ ਨੂੰ ਦੁਨੀਆ ਵਿੱਚ ਮਨਵਾਉਣਾ ਸੀ।

ਹਜ਼ਰਤ ਮੁਸ੍ਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਨੇ ਇੱਕ ਜਗ੍ਹਾ ਫ਼ਰਮਾਇਆ ਕਿ ਇਹ ਖ਼ਿਆਲ ਰੱਖਣਾ ਚਾਹੀਦਾ ਹੈ ਕਿ ਆਪ ﷺ ਦੀ ਸ਼ਾਨ ਚਾਹੇ ਕਿੰਨੀ ਹੀ ਬੁਲੰਦ ਹੋਵੇ ਅਤੇ ਆਪ ﷺ ਨਾਲ ਸਾਨੂੰ ਕਿੰਨੀ ਹੀ ਮੁਹੱਬਤ ਹੋਵੇ, ਅੱਲਾਹ ਤਆਲਾ ਦੀ ਸ਼ਾਨ ਬ-ਹਰ ਹਾਲ ਆਪ ﷺ ਦੀ ਸ਼ਾਨ ਤੋਂ ਬਹੁਤ ਉੱਚੀ ਹੈ। ਖ਼ੁਦਾ ਤਆਲਾ ਅਜ਼ਲੀ ਅਬਦੀ (ਅਨਾਦਿ ਅਨੰਤ) ਹੈ ਅਤੇ ਮੁਹੰਮਦ ਰਸੂਲੁੱਲਾਹ ﷺ ਉਸ ਦੇ ਫੈਜ਼ਾਨਾਂ ਵਿੱਚੋਂ ਇੱਕ ਬਹੁਤ ਵੱਡਾ **ਫੈਜ਼ਾਨ** ਹਨ। ਇਹ ਆਪ ﷺ ਦੀ ਜ਼ਾਤ ਨਾਲ ਦੁਸ਼ਮਣੀ ਹੋਵੇਗੀ ਕਿ ਅਸੀਂ ਆਪ ﷺ ਨੂੰ ਕੋਈ ਅਜਿਹਾ ਮੁਕ਼ਾਮ ਦੇ ਦਈਏ ਜਿਸ ਦੇ ਦੇਣ ਨਾਲ ਖ਼ੁਦਾ ਤਆਲਾ ਦਾ ਮੁਕ਼ਾਮ ਘਟਦਾ ਹੋਵੇ।

ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਤੌਹੀਦ ਦੇ ਕ਼ਿਆਮ ਦਾ ਇਸ ਕ਼ਦਰ ਖ਼ਿਆਲ ਸੀ ਕਿ ਜਾਨ ਨਿਕਲਣ ਦੀ ਹਾਲਤ ਵਿੱਚ ਵੀ ਵਾਰ ਵਾਰ ਆਪ ﷺ ਦੇ ਮੂੰਹ 'ਚੋਂ ਇਹ ਅਲਫ਼ਾਜ਼ ਨਿਕਲਦੇ ਸਨ ਕਿ ਖ਼ੁਦਾ ਤਆਲਾ ਯਹੂਦੀਆਂ ਅਤੇ ਇਸਾਈਆਂ ਉੱਤੇ ਲਾਹਨਤ ਕਰੇ ਕਿ ਉਨ੍ਹਾਂ ਨੇ ਆਪਣੇ ਨਬੀਆਂ ਦੀਆਂ **ਕ਼ਬਰਾਂ** ਨੂੰ ਮਸਜਿਦਾਂ ਬਣਾ ਲਿਆ। ਆਪ ﷺ ਵਾਰ ਵਾਰ ਇਹੀ ਫ਼ਰਮਾਉਂਦੇ ਸਨ ਗੋਇਆ ਕ਼ੌਮ ਨੂੰ ਆਖ਼ਰੀ ਨਸੀਹਤ ਅਤੇ ਆਖ਼ਰੀ ਪੈਗ਼ਾਮ ਜਿਹੜਾ ਆਪ ﷺ ਨੇ ਦਿੱਤਾ, ਉਹ ਇਹੀ ਸੀ ਕਿ ਮੈਨੂੰ ਮੁਸ਼ਰਿਕਾਨਾ ਮੁਕ਼ਾਮ ਨਾ ਦੇਣਾ।

ਹਜ਼ੂਰ ਅਨਵਰ ਨੇ ਫ਼ਰਮਾਇਆ: ਇਸ ਗੱਲ ਦਾ ਸਾਨੂੰ ਖ਼ਿਆਲ ਰੱਖਣਾ ਚਾਹੀਦਾ ਹੈ ਕਿ ਅਸੀਂ ਤੌਹੀਦ ਦੀ ਹਕ਼ੀਕ਼ਤ ਦੀ ਸਮਝ ਪੈਦਾ ਕਰਕੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਤੌਹੀਦ ਦੇ ਕ਼ਿਆਮ ਦੇ ਲਈ ਦਰਦ ਨੂੰ ਸਮਝ ਕੇ ਉਸ ਦੇ ਲਈ ਪੂਰੀ ਕੋਸ਼ਿਸ਼ ਕਰਕੇ ਹਕ਼ੀਕ਼ੀ **ਮੁਵੱਹਿਦ** (ਖ਼ੁਦਾਇ ਵਾਹਿਦ ਦੀ ਇਬਾਦਤ ਕਾਰਨ ਵਾਲ਼ੇ) ਬਣੀਏ। ਅੱਲਾਹ ਤਆਲਾ ਸਾਨੂੰ ਇਸ ਦੀ ਤੌਫ਼ੀਕ਼ ਅਤਾ ਫ਼ਰਮਾਵੇ।

ਆਖ਼ਿਰ 'ਤੇ ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਅਮਰੀਕਾ ਅਤੇ ਇਸਰਾਇਲ ਇਰਾਨ ਦੇ ਖ਼ਿਲਾਫ਼ ਜੰਗ ਦੇ ਜ਼ਰੀਏ ਦੁਨੀਆ 'ਤੇ ਅਤੇ ਖ਼ਾਸ ਤੌਰ 'ਤੇ ਮੁਸਲਮਾਨ ਮੁਲਕਾਂ ਉੱਤੇ ਆਪਣੀ **ਠੁੱਕ** ਕ਼ਾਇਮ ਕਰਨਾ ਚਾਹੁੰਦੇ ਹਨ ਜਿਸ ਨਾਲ਼ ਹਾਲਾਤ ਹੋਰ ਖ਼ਰਾਬ ਹੋ ਰਹੇ ਹਨ। ਨੁਕ਼ਸਾਨ ਤਾਂ ਵਿੱਚ ਅਰਬ ਮੁਲਕਾਂ ਦਾ ਵੀ ਹੋ ਰਿਹਾ ਹੈ। ਆਪ ﷺ ਨੇ ਮੁਸਲਮਾਨਾਂ ਨੂੰ ਖ਼ਬਰਦਾਰ ਕੀਤਾ ਕਿ ਉਹ ਇਸ ਸੂਰਤਿ ਹਾਲ ਨੂੰ ਸਮਝ ਕੇ ਇੱਕਜੁੱਟ ਹੋਣ।

ਹਜ਼ੂਰ ਅਨਵਰ ਨੇ ਫ਼ਰਮਾਇਆ: ਅੱਲਾਹ ਤਆਲਾ ਸਾਨੂੰ ਇਸ ਲਿਹਾਜ਼ ਨਾਲ਼ ਵੀ ਦੁਆਵਾਂ ਕਰਨ ਦੀ ਤੌਫ਼ੀਕ਼ ਅਤਾ ਫ਼ਰਮਾਵੇ ਅਤੇ ਇਸਲਾਮੀ ਮੁਲਕਾਂ ਨੂੰ **ਵਹਦਤ** ਦੀ ਲੜੀ ਵਿੱਚ ਪਰੋਏ ਜਾਣ ਦੀ ਵੀ ਤੌਫ਼ੀਕ਼ ਅਤਾ ਫ਼ਰਮਾਵੇ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَ نَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَ رَسُوْلُهٗ ۞ عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَ إِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞